ਮਿੱਠੇ ਬੱਚੇ:- "ਮਿੱਠੇ ਬੱਚੇ :- ਤੁਹਾਡਾ ਇੱਕ - ਇੱਕ ਬੋਲ ਬਹੁਤ ਮਿੱਠਾ ਫ਼ਸਟਕਲਾਸ ਹੋਣਾ ਚਾਹੀਦਾ, ਜਿਵੇਂ ਬਾਪ ਦੁੱਖ ਹਰਤਾ, ਸੁੱਖ ਕਰਤਾ ਹੈ, ਇਵੇਂ ਬਾਪ ਸਮਾਨ ਸਭਨੂੰ ਸੁੱਖ ਦੇਓ"

ਪ੍ਰਸ਼ਨ:- ਲੌਕਿਕ ਮਿੱਤਰ - ਸੰਬੰਧੀਆਂ ਨੂੰ ਗਿਆਨ ਦੇਣ ਦੀ ਯੁਕਤੀ ਕੀ ਹੈ?

ਉੱਤਰ:- ਕੋਈ ਵੀ ਮਿੱਤਰ - ਸੰਬੰਧੀ ਆਦਿ ਹੈ ਤਾਂ ਉਨ੍ਹਾਂ ਤੋਂ ਬਹੁਤ ਨਮ੍ਰਤਾ ਨਾਲ, ਪ੍ਰੇਮਭਾਵ ਨਾਲ ਮੁਸਕੁਰਾਉਂਦੇ ਹੋਏ ਗੱਲ ਕਰਨੀ ਚਾਹੀਦੀ। ਸਮਝਾਉਣਾ ਚਾਹੀਦਾ ਇਹ ਉਹ ਹੀ ਮਹਾਂਭਾਰਤ ਲੜ੍ਹਾਈ ਹੈ। ਬਾਪ ਨੇ ਰੁਦ੍ਰ ਗਿਆਨ ਯੱਗ ਰਚਿਆ ਹੈ। ਮੈਂ ਤੁਹਾਨੂੰ ਸੱਚ ਕਹਿੰਦਾਂ ਹਾਂ ਕਿ ਭਗਤੀ ਆਦਿ ਤਾਂ ਜਨਮ - ਜਨਮਾਂਤ੍ਰ ਕੀਤੀ, ਹੁਣ ਗਿਆਨ ਸ਼ੁਰੂ ਹੁੰਦਾ ਹੈ। ਜਦੋ ਮੌਕਾ ਮਿਲੇ ਤਾਂ ਬਹੁਤ ਯੁਕਤੀ ਨਾਲ ਗੱਲ ਕਰੋ। ਕੁਟੁੰਬ ਪਰਿਵਾਰ ਵਿੱਚ ਬਹੁਤ ਪਿਆਰ ਨਾਲ ਚੱਲੋ। ਕਦੀ ਕਿਸੀ ਨੂੰ ਦੁੱਖ ਨਾ ਦਵੋ।

ਗੀਤ:- ਆਖ਼ਿਰ ਉਹ ਦਿਨ ਆਇਆ ਅੱਜ...

ਓਮ ਸ਼ਾਂਤੀ ਜਦੋ ਕੋਈ ਗੀਤ ਵੱਜਦਾ ਹੈ ਤਾਂ ਬੱਚਿਆਂ ਨੂੰ ਆਪਣੇ ਅੰਦਰ ਉਸਦਾ ਅਰ੍ਥ ਕੱਢਣਾ ਚਾਹੀਦਾ। ਸੈਕਿੰਡ ਵਿੱਚ ਨਿਕਲ ਸਕਦਾ ਹੈ। ਇਹ ਬੇਹੱਦ ਦੇ ਡਰਾਮੇ ਦੀ ਬਹੁਤ ਵੱਡੀ ਘੜੀ ਹੈ ਨਾ। ਭਗਤੀ ਮਾਰ੍ਗ ਵਿੱਚ ਮਨੁੱਖ ਪੁਕਾਰਦੇ ਵੀ ਹਨ। ਜਿਵੇਂ ਕੋਰਟ ਵਿੱਚ ਕੇਸ ਹੁੰਦਾ ਹੈ ਤਾਂ ਕਹਿੰਦੇ ਹਨ ਕਦੋਂ ਸੁਣਵਾਈ ਹੋਵੇ, ਕਦੋਂ ਬੁਲਾਵਾ ਹੋਵੇ ਤਾਂ ਸਾਡਾ ਕੇਸ ਪੂਰਾ ਹੋਵੇ। ਤਾਂ ਬੱਚਿਆਂ ਦਾ ਵੀ ਕੇਸ ਹੈ, ਕਿਹੜਾ ਕੇਸ? ਰਾਵਣ ਨੇ ਤੁਹਾਨੂੰ ਬਹੁਤ ਦੁੱਖੀ ਬਣਾਇਆ ਹੈ। ਤੁਹਾਡਾ ਕੇਸ ਦਾਖ਼ਿਲ ਹੁੰਦਾ ਹੈ ਵੱਡੇ ਕੋਰਟ ਵਿੱਚ। ਮਨੁੱਖ ਪੁਕਾਰਦੇ ਰਹਿੰਦੇ ਹਨ - ਬਾਬਾ ਆਓ, ਆਕੇ ਸਾਨੂੰ ਦੁੱਖਾਂ ਤੋਂ ਛੁਡਾਓ। ਇੱਕ ਦਿਨ ਸੁਣਵਾਈ ਤਾਂ ਜ਼ਰੂਰ ਹੁੰਦੀ ਹੈ। ਬਾਪ ਸੁਣਦੇ ਵੀ ਹਨ, ਡਰਾਮਾ ਅਨੁਸਾਰ ਆਉਂਦੇ ਵੀ ਹਨ ਬਿਲਕੁਲ ਪੂਰੇ ਟਾਈਮ ਤੇ। ਉਸ ਵਿੱਚ ਇੱਕ ਸੈਕਿੰਡ ਦਾ ਵੀ ਫ਼ਰਕ ਨਹੀਂ ਪੈ ਸਕਦਾ ਹੈ। ਬੇਹੱਦ ਦੀ ਘੜੀ ਕਿੰਨੀ ਐਕੁਰੇਟ ਚੱਲਦੀ ਹੈ। ਇੱਥੇ ਤੁਹਾਡੇ ਕੋਲ ਇਹ ਛੋਟੀ ਘੜੀਆਂ ਵੀ ਐਕੁਰੇਟ ਨਹੀਂ ਚਲਦੀਆਂ ਹਨ। ਯੱਗ ਦਾ ਹਰ ਕੰਮ ਐਕੁਰੇਟ ਹੋਣਾ ਚਾਹੀਦਾ। ਘੜੀ ਵੀ ਐਕੁਰੇਟ ਹੋਣੀ ਚਾਹੀਦੀ। ਬਾਪ ਤਾਂ ਬੜਾ ਐਕੁਰੇਟ ਹੈ। ਸੁਣਵਾਈ ਬੜੀ ਐਕੁਰੇਟ ਹੁੰਦੀ ਹੈ। ਕਲਪ - ਕਲਪ ਦੇ ਸੰਗਮ ਤੇ ਐਕੁਰੇਟ ਟਾਈਮ ਤੇ ਆਉਂਦੇ ਹਨ। ਤਾਂ ਬੱਚਿਆਂ ਦੀ ਹੁਣ ਸੁਣਵਾਈ ਹੋਈ, ਬਾਬਾ ਆਇਆ ਹੋਇਆ ਹੈ। ਹੁਣ ਤੁਸੀਂ ਸਭਨੂੰ ਸਮਝਾਉਂਦੇ ਹੋ। ਅੱਗੇ ਤੁਸੀਂ ਵੀ ਨਹੀਂ ਸਮਝਦੇ ਸੀ ਕਿ ਦੁੱਖ ਕੌਣ ਦਿੰਦਾ ਹੈ? ਹੁਣ ਬਾਪ ਨੇ ਸਮਝਾਇਆ ਹੈ ਰਾਵਣ ਰਾਜ ਸ਼ੁਰੂ ਹੁੰਦਾ ਹੈ ਦਵਾਪਰ ਤੋਂ। ਤੁਸੀਂ ਬੱਚਿਆਂ ਨੂੰ ਪਤਾ ਪੈ ਗਿਆ ਹੈ - ਬਾਬਾ ਕਲਪ - ਕਲਪ ਸੰਗਮਯੁਗ ਤੇ ਆਉਂਦੇ ਹਨ। ਇਹ ਹੈ ਬੇਹੱਦ ਦੀ ਰਾਤ। ਸ਼ਿਵਬਾਬਾ ਬੇਹੱਦ ਦੀ ਰਾਤ ਵਿੱਚ ਆਉਂਦੇ ਹਨ, ਕ੍ਰਿਸ਼ਨ ਦੀ ਗੱਲ ਨਹੀਂ, ਜਦੋ ਘੋਰ ਹਨ੍ਹੇਰੇ ਵਿੱਚ ਅਗਿਆਨ ਨੀਂਦ ਵਿੱਚ ਸੁੱਤੇ ਰਹਿੰਦੇ ਹਨ ਉਦੋਂ ਗਿਆਨ ਸੂਰਜ ਬਾਪ ਆਉਂਦੇ ਹਨ, ਬੱਚਿਆਂ ਨੂੰ ਦਿਨ ਵਿੱਚ ਲੈ ਜਾਣ। ਕਹਿੰਦੇ ਹਨ ਮੈਨੂੰ ਯਾਦ ਕਰੋ ਕਿਉਂਕਿ ਪਤਿਤ ਤੋਂ ਪਾਵਨ ਬਣਨਾ ਹੈ। ਬਾਪ ਹੀ ਪਤਿਤ - ਪਾਵਨ ਹੈ। ਉਹ ਜਦੋ ਆਏ ਉਦੋਂ ਤਾਂ ਸੁਣਵਾਈ ਹੋਵੇ। ਹੁਣ ਤੁਹਾਡੀ ਸੁਣਵਾਈ ਹੋਈ ਹੈ। ਬਾਪ ਕਹਿੰਦੇ ਹਨ ਮੈਂ ਆਇਆ ਹਾਂ ਪਤਿਤਾਂ ਨੂੰ ਪਾਵਨ ਬਣਾਉਣ। ਪਾਵਨ ਬਣਨ ਦਾ ਤੁਹਾਨੂੰ ਕਿੰਨਾ ਸਹਿਜ ਉਪਾਏ ਦੱਸਦਾ ਹਾਂ। ਅੱਜਕਲ ਵੇਖੋ ਸਾਈਂਸ ਦਾ ਕਿੰਨਾ ਜ਼ੋਰ ਹੈ। ਅਟਾਮਿਕ ਬੰਬਸ ਆਦਿ ਦਾ ਕਿੰਨਾ ਜ਼ੋਰ ਨਾਲ ਆਵਾਜ਼ ਹੁੰਦਾ ਹੈ। ਤੁਸੀਂ ਬੱਚੇ ਸਾਇਲੈਂਸ ਦੇ ਬਲ ਨਾਲ ਇਸ ਸਾਈਂਸ ਤੇ ਜਿੱਤ ਪਾਉਂਦੇ ਹੋ। ਸਾਇਲੈਂਸ ਨੂੰ ਯੋਗ ਵੀ ਕਿਹਾ ਜਾਂਦਾ ਹੈ। ਆਤਮਾ ਬਾਪ ਨੂੰ ਯਾਦ ਕਰਦੀ ਹੈ - ਬਾਬਾ ਤੁਸੀਂ ਆਓ ਤਾਂ ਅਸੀਂ ਸ਼ਾਂਤੀਧਾਮ ਵਿੱਚ ਜਾਕੇ ਨਿਵਾਸ ਕਰੀਏ। ਤਾਂ ਤੁਸੀਂ ਬੱਚੇ ਇਸ ਯੋਗਬਲ ਨਾਲ, ਸਾਇਲੈਂਸ ਦੇ ਬਲ ਨਾਲ ਸਾਈਂਸ ਤੇ ਜਿੱਤ ਪਾਉਂਦੇ ਹੋ। ਸ਼ਾਂਤੀ ਦਾ ਬਲ ਪ੍ਰਾਪਤ ਕਰਦੇ ਹੋ। ਸਾਈਂਸ ਨਾਲ ਹੀ ਇਹ ਸਾਰਾ ਵਿਨਾਸ਼ ਹੋਣ ਦਾ ਹੈ। ਸਇਲੈਂਸ ਨਾਲ ਤੁਸੀਂ ਬੱਚੇ ਵਿਜੈ ਪਾਉਂਦੇ ਹੋ। ਬਾਹੂਬਲ ਵਾਲੇ ਕਦੀ ਵੀ ਵਿਸ਼ਵ ਤੇ ਜਿੱਤ ਪਾ ਨਹੀਂ ਸਕਦੇ। ਇਹ ਪੁਆਇੰਟਸ ਵੀ ਤੁਹਾਨੂੰ ਪ੍ਰਦਰਸ਼ਨੀ ਵਿੱਚ ਲਿਖਣੀ ਚਾਹੀਦੀ।

ਦਿੱਲੀ ਵਿੱਚ ਬਹੁਤ ਸਰਵਿਸ ਹੋ ਸਕਦੀ ਹੈ ਕਿਉਂਕਿ ਦਿੱਲੀ ਹੈ ਸਭਦਾ ਕੈਪੀਟਲ। ਤੁਹਾਡੀ ਵੀ ਦਿੱਲੀ ਹੀ ਕੈਪੀਟਲ ਹੋਵੇਗੀ। ਦਿੱਲੀ ਨੂੰ ਹੀ ਪਰਿਸਤਾਨ ਕਿਹਾ ਜਾਂਦਾ ਹੈ। ਪਾਂਡਵਾਂ ਦੇ ਕਿਲ੍ਹੇ ਤਾਂ ਨਹੀਂ ਹਨ। ਕਿਲ੍ਹਾ ਉਦੋਂ ਬਣਾਇਆ ਜਾਂਦਾ ਹੈ ਜਦੋਂ ਦੁਸ਼ਮਣ ਚੜ੍ਹਾਈ ਕਰਦੇ ਹਨ। ਤੁਹਾਨੂੰ ਤਾਂ ਕਿਲ੍ਹੇ ਆਦਿ ਦੀ ਲੋੜ ਰਹਿੰਦੀ ਨਹੀਂ। ਤੁਸੀਂ ਜਾਣਦੇ ਹੋ ਅਸੀ ਸਾਇਲੈਂਸ ਦੇ ਬਲ ਨਾਲ ਆਪਣਾ ਰਾਜ ਸਥਾਪਨ ਕਰ ਰਹੇ ਹਾਂ, ਉਨ੍ਹਾਂ ਦੀ ਹੈ ਆਰਟੀਫਿਸ਼ਲ ਸਾਇਲੈਂਸ। ਤੁਹਾਡੀ ਹੈ ਰਿਅਲ ਸਾਇਲੈਂਸ। ਗਿਆਨ ਦਾ ਬਲ, ਸ਼ਾਂਤੀ ਦਾ ਬਲ ਕਿਹਾ ਜਾਂਦਾ ਹੈ। ਨਾਲੇਜ਼ ਹੈ ਪੜ੍ਹਾਈ। ਪੜ੍ਹਾਈ ਨਾਲ ਹੀ ਬਲ ਮਿਲਦਾ ਹੈ। ਪੁਲਿਸ ਸੁਪ੍ਰਿਟੈਂਡੈਂਡ ਬਣਦੇ ਹਨ, ਕਿੰਨਾ ਬਲ ਰਹਿੰਦਾ ਹੈ। ਉਹ ਹਨ ਜਿਸਮਾਨੀ ਗੱਲਾਂ ਦੁੱਖ ਦੇਣ ਵਾਲੀ। ਤੁਹਾਡੀ ਹਰ ਗੱਲ ਰੂਹਾਨੀ ਹੈ। ਤੁਹਾਡੇ ਮੁੱਖ ਵਿੱਚੋ ਜੋ ਬੋਲ ਨਿਕਲਦੇ ਹਨ ਉਹ ਇੱਕ - ਇੱਕ ਬੋਲ ਇਵੇਂ ਫ਼ਸਟਕਲਾਸ ਮਿੱਠੇ ਹੋਣ ਜੋ ਸੁਣਨ ਵਾਲਾ ਖੁਸ਼ ਹੋ ਜਾਵੇ। ਜਿਵੇਂ ਬਾਪ ਦੁੱਖ ਹਰਤਾ ਸੁੱਖ ਕਰਤਾ ਹੈ, ਇਵੇਂ ਤੁਸੀਂ ਬੱਚਿਆਂ ਨੂੰ ਵੀ ਸਭਨੂੰ ਸੁੱਖ ਦੇਣਾ ਹੈ। ਕੁਟੁੰਬ ਪਰਿਵਾਰ ਨੂੰ ਵੀ ਦੁੱਖ ਆਦਿ ਨਾ ਹੋਵੇ। ਕ਼ਾਇਦੇ ਅਨੁਸਾਰ ਸਭ ਨਾਲ ਚੱਲਣਾ ਹੈ। ਵੱਡਿਆਂ ਨਾਲ ਪਿਆਰ ਨਾਲ ਚੱਲਣਾ ਹੈ। ਮੁੱਖ ਤੋਂ ਅੱਖਰ ਇਵੇਂ ਮਿੱਠੇ ਫ਼ਸਟ ਕਲਾਸ ਨਿਕਲਣ ਜੋ ਸਭ ਖੁਸ਼ ਹੋ ਜਾਣ। ਬੋਲੋ, ਸ਼ਿਵਬਾਬਾ ਕਹਿੰਦੇ ਹਨ ਮਨਮਨਾਭਵ। ਉੱਚ ਤੇ ਉੱਚ ਮੈਂ ਹਾਂ। ਮੈਨੂੰ ਯਾਦ ਕਰਨ ਨਾਲ ਹੀ ਤੁਹਾਡੇ ਵਿਕਰਮ ਵਿਨਾਸ਼ ਹੋਣਗੇ। ਬਹੁਤ ਪਿਆਰ ਨਾਲ ਗੱਲ ਕਰਨੀ

ਚਾਹੀਦੀ। ਸਮਝੋ ਕੋਈ ਵੱਡਾ ਭਰਾ ਹੋਵੇ ਬੋਲੋ ਦਾਦਾ ਜੀ ਸ਼ਿਵਬਾਬਾ ਕਹਿੰਦੇ ਹਨ - ਮੈਨੂੰ ਯਾਦ ਕਰੋ। ਸ਼ਿਵਬਾਬਾ ਜਿਸਨੂੰ ਰੁਦ੍ਰ ਵੀ ਕਹਿੰਦੇ ਹਨ, ਉਹ ਹੀ ਗਿਆਨ ਯੱਗ ਰਚਦੇ ਹਨ। ਸ਼੍ਰੀਕ੍ਰਿਸ਼ਨ ਗਿਆਨ ਯੱਗ ਅੱਖਰ ਨਹੀਂ ਸੁਣਾਉਣਗੇ। ਰੁਦ੍ਰ ਗਿਆਨ ਯੱਗ ਕਹਿੰਦੇ ਹਨ ਤਾਂ ਰੁਦ੍ਰ ਸ਼ਿਵਬਾਬਾ ਨੇ ਯੱਗ ਰਚਿਆ ਹੈ। ਰਾਜਾਈ ਪ੍ਰਾਪਤ ਕਰਨ ਦੇ ਲਈ ਗਿਆਨ ਅਤੇ ਯੋਗ ਸਿਖਾ ਰਹੇ ਹਨ। ਬਾਪ ਕਹਿੰਦੇ ਹਨ ਭਗਵਾਨੁਵਾਚ ਮਾਮੇਕਮ ਯਾਦ ਕਰੋ ਕਿਉਂਕਿ ਹੁਣ ਸਭਦੀ ਅੰਤ ਘੜੀ ਹੈ, ਵਾਨਪ੍ਰਸਥ ਅਵਸਥਾ ਹੈ। ਸਭਨੂੰ ਵਾਪਿਸ ਜਾਣਾ ਹੈ। ਮਰਨ ਵਕ਼ਤ ਮਨੁੱਖ ਨੂੰ ਕਹਿੰਦੇ ਹਨ ਨਾ ਈਸ਼ਵਰ ਨੂੰ ਯਾਦ ਕਰੋ। ਇੱਥੇ ਈਸ਼ਵਰ ਸਵੈ ਕਹਿੰਦੇ ਹਨ ਮੌਤ ਸਾਹਮਣੇ ਖੜਾ ਹੈ, ਇਸਤੋਂ ਕੋਈ ਬੱਚ ਨਹੀਂ ਸਕਦੇ। ਅੰਤ ਵਿੱਚ ਹੀ ਬਾਪ ਆਕੇ ਕਹਿੰਦੇ ਹਨ ਕਿ ਬੱਚੇ ਮੈਨੂੰ ਯਾਦ ਕਰੋ ਤਾਂ ਤੁਹਾਡੇ ਪਾਪ ਭਸਮ ਹੋ ਜਾਣਗੇ, ਇਸਨੂੰ ਯਾਦ ਦੀ ਅਗਨੀ ਕਿਹਾ ਜਾਂਦਾ ਹੈ। ਬਾਪ ਗਰੰਟੀ ਕਰਦੇ ਹਨ ਕਿ ਇਸ ਨਾਲ ਤੁਹਾਡੇ ਪਾਪ ਦਗਧ ਹੋਣਗੇ। ਵਿਕਰਮ ਵਿਨਾਸ਼ ਹੋਣ ਦਾ, ਪਾਵਨ ਬਣਨ ਦਾ ਹੋਰ ਕੋਈ ਉਪਾਏ ਨਹੀਂ ਹੈ। ਪਾਪਾਂ ਦਾ ਬੋਝਾ ਸਿਰ ਤੇ ਚੜ੍ਹਦੇ - ਚੜ੍ਹਦੇ, ਖਾਦ ਪੈਂਦੇ - ਪੈਂਦੇ ਸੋਨਾ 9 ਕੈਰੇਟ ਦਾ ਹੋ ਗਿਆ ਹੈ। 9 ਕੈਰੇਟ ਦੇ ਬਾਦ ਮੁਲੱਮਾ ਕਿਹਾ ਜਾਂਦਾ ਹੈ। ਹੁਣ ਫ਼ੇਰ 24 ਕੈਰੇਟ ਕਿਵੇਂ ਬਣੇ, ਆਤਮਾ ਪਿਓਰ ਕਿਵੇਂ ਬਣੇ? ਪਿਓਰ ਆਤਮਾ ਨੂੰ ਜੇਵਰ ਵੀ ਪਿਓਰ ਮਿਲੇਗਾ। ਕੋਈ ਮਿੱਤਰ - ਸੰਬੰਧੀ ਆਦਿ ਹਨ ਤਾਂ ਉਨ੍ਹਾਂ ਨਾਲ ਬਹੁਤ ਨਮ੍ਰਤਾ ਨਾਲ, ਪ੍ਰੇਮ ਭਾਵ ਨਾਲ ਮੁਸਕਰਾਉਂਦੇ ਹੋਏ ਗੱਲ ਕਰਨੀ ਚਾਹੀਦੀ। ਸਮਝਾਉਣਾ ਚਾਹੀਦਾ ਇਹ ਤਾਂ ਉਹ ਹੀ ਮਹਾਭਾਰਤ ਲੜ੍ਹਾਈ ਹੈ। ਇਹ ਰੁਦ੍ਰ ਗਿਆਨ ਯੱਗ ਵੀ ਹੈ। ਬਾਪ ਦੁਆਰਾ ਸਾਨੂੰ ਸ੍ਰਿਸ਼ਟੀ ਦੇ ਆਦਿ - ਮੱਧ - ਅੰਤ ਦੀ ਨਾਲੇਜ਼ ਮਿਲ ਰਹੀ ਹੈ। ਹੋਰ ਕਿੱਥੇ ਵੀ ਇਹ ਨਾਲੇਜ਼ ਮਿਲ ਨਾ ਸਕੇ। ਮੈਂ ਤੁਹਾਨੂੰ ਸੱਚ ਕਹਿੰਦਾ ਹਾਂ ਇਹ ਭਗਤੀ ਆਦਿ ਤਾਂ ਜਨਮ - ਜਨਮਾਂਤ੍ਰ ਦੀ ਹੈ, ਹੁਣ ਗਿਆਨ ਸ਼ੁਰੂ ਹੁੰਦਾ ਹੈ। ਭਗਤੀ ਹੈ ਰਾਤ, ਗਿਆਨ ਹੈ ਦਿਨ। ਸਤਿਯੁਗ ਵਿੱਚ ਭਗਤੀ ਹੁੰਦੀ ਨਹੀਂ। ਇਵੇਂ - ਇਵੇਂ ਯੁਕਤੀ ਨਾਲ ਗੱਲ ਕਰਨੀ ਚਾਹੀਦੀ। ਜਦੋ ਕੋਈ ਮੌਕਾ ਮਿਲੇ, ਜਦੋ ਤੀਰ ਮਾਰਨਾ ਹੁੰਦਾ ਹੈ ਤਾਂ ਵਕ਼ਤ ਅਤੇ ਮੌਕਾ ਵੇਖਿਆ ਜਾਂਦਾ ਹੈ। ਗਿਆਨ ਦੇਣ ਦੀ ਵੀ ਬੜੀ ਯੁਕਤੀ ਚਾਹੀਦੀ। ਬਾਪ ਯੁਕਤੀਆਂ ਤਾਂ ਸਭਦੇ ਲਈ ਦੱਸਦੇ ਰਹਿੰਦੇ ਹਨ। ਪਵਿੱਤਰਤਾ ਤਾਂ ਬੜੀ ਚੰਗੀ ਹੈ, ਇਹ ਲਕਸ਼ਮੀ - ਨਾਰਾਇਣ ਸਾਡੇ ਪੂਜਯ ਹੈ ਨਾ। ਪੂਜਯ ਪਾਵਨ ਫ਼ੇਰ ਪੁਜਾਰੀ ਪਤਿਤ ਬਣੇ। ਪਾਵਨ ਦੀ ਪਤਿਤ ਬੈਠ ਪੂਜਾ ਕਰੇ - ਇਹ ਸ਼ੋਭਦਾ ਨਹੀਂ ਹੈ। ਕਈ ਤਾਂ ਪਤਿਤ ਤੋਂ ਦੂਰ ਭੱਜਦੇ ਹਨ। ਵਲਭਾਚਾਰੀ ਕਦੀ ਪੈਰ ਨੂੰ ਛੂਹਣ ਨਹੀਂ ਦਿੰਦੇ। ਸਮਝਦੇ ਹਨ ਇਹ ਛੀ - ਛੀ ਮਨੁੱਖ ਹੈ। ਮੰਦਿਰਾਂ ਵਿੱਚ ਵੀ ਹਮੇਸ਼ਾਂ ਬ੍ਰਾਹਮਣ ਨੂੰ ਹੀ ਮੂਰਤੀ ਛੂਹਣ ਦਾ ਅਲਾਓ ਰਹਿੰਦਾ ਹੈ। ਸ਼ੂਦ੍ਰ ਮਨੁੱਖ ਅੰਦਰ ਜਾਕੇ ਛੂਹ ਨਾ ਸੱਕਣ। ਉੱਥੇ ਬ੍ਰਾਹਮਣ ਲੋਕੀ ਹੀ ਉਨ੍ਹਾਂ ਨੂੰ ਇਸਨਾਨ ਆਦਿ ਕਰਾਉਂਦੇ ਹਨ, ਹੋਰ ਕੋਈ ਨੂੰ ਜਾਣ ਨਹੀਂ ਦਿੰਦੇ। ਫ਼ਰਕ ਤਾਂ ਹੈ ਨਾ। ਹੁਣ ਉਹ ਤਾਂ ਹਨ ਕੁੱਖ ਵੰਸ਼ਾਵਲੀ ਬ੍ਰਾਹਮਣ, ਤੁਸੀਂ ਹੋ ਮੁੱਖ ਵੰਸ਼ਾਵਲੀ ਸੱਚੇ ਬ੍ਰਾਹਮਣ। ਤੁਸੀਂ ਉਨ੍ਹਾਂ ਬ੍ਰਾਹਮਣਾਂ ਨੂੰ ਚੰਗਾ ਸਮਝਾ ਸਕਦੇ ਹੋ ਕਿ ਬ੍ਰਾਹਮਣ ਦੋ ਪ੍ਰਕਾਰ ਦੇ ਹੁੰਦੇ ਹਨ - ਇੱਕ ਤਾਂ ਪ੍ਰਜਾਪਿਤਾ ਬ੍ਰਹਮਾ ਦੇ ਮੁੱਖ ਵੰਸ਼ਾਵਲੀ, ਦੂਜੇ ਹਨ ਕੁੱਖ ਵੰਸ਼ਾਵਲੀ। ਬ੍ਰਹਮਾ ਦੇ ਮੁੱਖ ਵੰਸ਼ਾਵਲੀ ਬ੍ਰਾਹਮਣ ਹਨ ਉੱਚ ਤੇ ਉੱਚ ਚੋਟੀ। ਯੱਗ ਰਚਦੇ ਹਨ ਤਾਂ ਵੀ ਬ੍ਰਾਹਮਣਾਂ ਨੂੰ ਮੁਕਰਰ ਕੀਤਾ ਜਾਂਦਾ ਹੈ। ਇਹ ਫ਼ੇਰ ਹੈ ਗਿਆਨ ਯੱਗ। ਬ੍ਰਾਹਮਣਾਂ ਨੂੰ ਗਿਆਨ ਮਿਲਦਾ ਹੈ ਜੋ ਫ਼ੇਰ ਦੇਵਤਾ ਬਣਦੇ ਹਨ। ਵਰਣ ਵੀ ਸਮਝਾਏ ਗਏ ਹਨ। ਜੋ ਸਰਵਿਸਏਬੁਲ ਬੱਚੇ ਹੋਣਗੇ ਉਨ੍ਹਾਂ ਨੂੰ ਸਰਵਿਸ ਦਾ ਸਦੈਵ ਸ਼ੌਂਕ ਰਹੇਗਾ। ਕਿੱਥੇ ਪ੍ਰਦਰਸ਼ਨੀ ਹੋਵੇਗੀ ਤਾਂ ਝੱਟ ਸਰਵਿਸ ਤੇ ਭੱਜਣਗੇ - ਅਸੀਂ ਜਾਕੇ ਐਸੀ - ਐਸੀ ਪੁਆਇੰਟਸ ਸਮਝਾਈਏ। ਪ੍ਰਦਰਸ਼ਨੀ ਵਿੱਚ ਤਾਂ ਪ੍ਰਜਾ ਬਣਨ ਦਾ ਵਿਹੰਗ ਮਾਰ੍ਗ ਹੈ, ਆਪੇਹੀ ਢੇਰ ਦੇ ਢੇਰ ਆ ਜਾਂਦੇ ਹਨ। ਤਾਂ ਸਮਝਾਉਣ ਵਾਲੇ ਵੀ ਚੰਗੇ ਹੋਣੇ ਚਾਹੀਦੇ। ਜੇਕਰ ਕਿਸੇ ਨੇ ਪੂਰਾ ਨਹੀਂ ਸਮਝਾਇਆ ਤਾਂ ਕਹਿਣਗੇ ਬੀ.ਕੇ. ਦੇ ਕੋਲ ਇਹ ਹੀ ਗਿਆਨ ਹੈ! ਡਿਸਸਰਵਿਸ ਹੋ ਜਾਂਦੀ ਹੈ। ਪ੍ਰਦਰਸ਼ਨੀ ਵਿੱਚ ਇੱਕ ਇਵੇਂ ਚੁਸਤ ਹੋਵੇ ਜੋ ਸਮਝਾਉਣ ਵਾਲੇ ਗਾਇਡਸ ਨੂੰ ਵੇਖਦਾ ਰਹੇ। ਕੋਈ ਵੱਡਾ ਆਦਮੀ ਹੈ ਤਾਂ ਉਨ੍ਹਾਂ ਨੂੰ ਸਮਝਾਉਣ ਵਾਲਾ ਵੀ ਇਵੇਂ ਚੰਗਾ ਦੇਣਾ ਚਾਹੀਦਾ। ਘੱਟ ਸਮਝਾਉਣ ਵਾਲਿਆਂ ਨੂੰ ਹਟਾ ਦੇਣਾ ਚਾਹੀਦਾ। ਸੁਪਰਵਾਇਜ਼ ਕਰਨ ਤੇ ਇੱਕ ਚੰਗਾ ਹੋਣਾ ਚਾਹੀਦਾ। ਤੁਹਾਨੂੰ ਤਾਂ ਮਹਾਤਮਾਵਾਂ ਨੂੰ ਵੀ ਬੁਲਾਉਣਾ ਹੈ। ਤੁਸੀਂ ਸਿਰਫ਼ ਦਸਦੇ ਹੋ ਕਿ ਬਾਬਾ ਇਵੇਂ ਕਹਿੰਦੇ ਹਨ, ਉਹ ਉੱਚ ਤੇ ਉੱਚ ਭਗਵਾਨ ਹੈ, ਉਹ ਹੀ ਰਚਿਅਤਾ ਬਾਪ ਹੈ। ਬਾਕੀ ਸਭ ਹਨ ਉਨ੍ਹਾਂ ਦੀ ਰਚਨਾ। ਵਰਸਾ ਬਾਪ ਤੋਂ ਮਿਲੇਗਾ, ਭਰਾ, ਭਰਾ ਨੂੰ ਵਰਸਾ ਕੀ ਦਵੇਗਾ! ਕੋਈ ਵੀ ਸੁੱਖਧਾਮ ਦਾ ਵਰਸਾ ਦੇ ਨਾ ਸਕੇ। ਵਰਸਾ ਦਿੰਦੇ ਹੀ ਹਨ ਬਾਪ। ਸ੍ਰਵ ਦਾ ਸਦਗਤੀ ਕਰਨ ਵਾਲਾ ਇੱਕ ਹੀ ਬਾਪ ਹੈ, ਉਨ੍ਹਾਂ ਨੂੰ ਯਾਦ ਕਰਨਾ ਹੈ। ਬਾਪ ਖ਼ੁਦ ਆਕੇ ਗੋਲਡਨ ਏਜ ਬਣਾਉਂਦੇ ਹਨ। ਬ੍ਰਹਮਾ ਤਨ ਨਾਲ ਸ੍ਵਰਗ ਸਥਾਪਨ ਕਰਦੇ ਹਨ। ਸ਼ਿਵ ਜਯੰਤੀ ਮਨਾਉਂਦੇ ਵੀ ਹਨ, ਪਰ ਉਹ ਕੀ ਕਰਦੇ ਹਨ, ਇਹ ਸਭ ਮਨੁੱਖ ਭੁੱਲ ਗਏ ਹਨ। ਸ਼ਿਵਬਾਬਾ ਹੀ ਆਕੇ ਰਾਜਯੋਗ ਸਿਖਾਕੇ ਵਰਸਾ ਦਿੰਦੇ ਹਨ। 5000 ਵਰ੍ਹੇ ਪਹਿਲੇ ਭਾਰਤ ਸ੍ਵਰਗ ਸੀ, ਲੱਖਾਂ ਵਰ੍ਹੇ ਦੀ ਤਾਂ ਗੱਲ ਹੀ ਨਹੀਂ ਹੈ। ਤਿਥੀ - ਤਾਰੀਖ ਸਭ ਹੈ, ਇਸਨੂੰ ਕੋਈ ਖੰਡਨ ਕਰ ਨਾ ਸਕੇ। ਨਵੀਂ ਦੁਨੀਆਂ ਅਤੇ ਪੁਰਾਣੀ ਦੁਨੀਆ ਅੱਧਾ - ਅੱਧਾ ਚਾਹੀਦਾ। ਉਹ ਸਤਿਯੁਗ ਦੀ ਉਮਰ ਲੱਖਾਂ ਵਰ੍ਹੇ ਕਹਿ ਦਿੰਦੇ ਤਾਂ ਕੋਈ ਹਿਸਾਬ ਹੋ ਨਹੀਂ ਸਕਦਾ। ਸਵਾਸਤਿਕਤਾ ਵਿੱਚ ਵੀ ਪੂਰੇ 4 ਭਾਗ ਹਨ। 1250 ਵਰ੍ਹੇ ਹਰ ਯੁਗ ਵਿੱਚ ਵੰਡੇ ਹੋਏ ਹਨ। ਹਿਸਾਬ ਕੀਤਾ ਜਾਂਦਾ ਹੈ ਨਾ। ਉਹ ਲੋਕੀ ਹਿਸਾਬ ਤਾਂ ਕੁਝ ਵੀ ਜਾਣਦੇ ਨਹੀਂ ਇਸਲਈ ਕੌਡੀ ਤੁਲਯ ਕਿਹਾ ਜਾਂਦਾ ਹੈ। ਹੁਣ ਬਾਪ ਹੀਰੇ ਤੁਲਯ ਬਣਾਉਂਦੇ ਹਨ। ਸਭ ਪਤਿਤ ਹਨ, ਭਗਵਾਨ ਨੂੰ ਯਾਦ ਕਰਦੇ ਹਨ। ਉਨ੍ਹਾਂ ਨੂੰ ਭਗਵਾਨ ਆਕੇ ਗਿਆਨ ਨਾਲ ਗੁਲ - ਗੁਲ ਬਣਾਉਂਦੇ ਹਨ। ਤੁਸੀਂ ਬੱਚਿਆਂ ਨੂੰ ਗਿਆਨ ਰਤਨਾ ਨਾਲ ਸਜਾਉਂਦੇ ਰਹਿੰਦੇ ਹਨ। ਫ਼ੇਰ ਵੇਖੋ ਤੁਸੀਂ ਕੀ ਬਣਦੇ ਹੋ, ਤੁਹਾਡੀ ਏਮ ਆਬਜੈਕਟ ਕੀ ਹੈ? ਭਾਰਤ ਕਿੰਨਾ ਸਿਰਤਾਜ਼ ਸੀ, ਸਭ ਭੁੱਲ ਗਏ ਹਨ। ਮੁਸਲਮਾਨਾਂ ਆਦਿ ਨੇ ਵੀ ਕਿੰਨਾ ਸੋਮਨਾਥ ਮੰਦਿਰ ਨੂੰ ਲੁੱਟਕੇ ਮਸਜਿਦਾਂ ਆਦਿ ਵਿੱਚ ਹੀਰੇ ਆਦਿ ਜਾਕੇ ਲਗਾਏ ਹਨ। ਹੁਣ ਉਨ੍ਹਾਂ ਦੀ ਕੋਈ ਵੈਲਿਯੂ ਵੀ ਕਰ ਨਹੀਂ ਸਕਦੇ। ਇੰਨੀ ਵੱਡੀ - ਵੱਡੀ ਮਣੀਆਂ ਰਾਜਾਵਾਂ ਦੇ ਤਾਜ਼ ਵਿੱਚ ਰਹਿੰਦੀਆਂ ਸੀ। ਕੋਈ ਤਾਂ ਕਰੋੜ ਦੀ, ਕੋਈ 5 ਕਰੋੜ ਦੀ। ਅੱਜਕਲ ਤਾਂ ਸਭ ਇਮੀਟੇਸ਼ਨ ਨਿਕਲ ਪੈਂਦੀ ਹੈ। ਇਸ ਦੁਨੀਆਂ ਵਿੱਚ ਸਭ ਹੈ ਆਰਟੀਫਿਸ਼ਲ ਪਾਈ ਦਾ ਸੁੱਖ। ਬਾਕੀ ਹੈ ਦੁੱਖ ਇਸਲਈ ਸੰਨਿਆਸੀ ਵੀ ਕਹਿੰਦੇ ਹਨ ਕਾਗ ਵਿਸ਼ਟਾ ਸਮਾਨ ਸੁੱਖ ਹੈ ਇਸਲਈ ਉਹ ਘਰਬਾਰ ਛੱਡਦੇ ਹਨ ਪਰ ਹੁਣ ਤਾਂ ਉਹ ਵੀ ਤਮੋਪ੍ਰਧਾਨ ਹੋ ਪਏ ਹਨ। ਸ਼ਹਿਰ ਵਿੱਚ ਅੰਦਰ ਘੁਸ ਪੈਂਦੇ ਹਨ। ਪਰ ਹੁਣ ਕਿਸ ਨੂੰ ਸੁਣਾਈਏ, ਰਾਜਾ - ਰਾਣੀ ਤਾਂ ਹੈ ਨਹੀਂ। ਕੋਈ ਵੀ ਮੰਨਣਗੇ ਨਹੀਂ।

ਕਹਿਣਗੇ ਸਭਦੀ ਆਪਣੀ - ਆਪਣੀ ਮਤ ਹੈ, ਜੋ ਚਾਹੋ ਸੋ ਕਰੋ। ਸੰਕਲਪ ਦੀ ਸ੍ਰਿਸ਼ਟੀ ਹੈ। ਹੁਣ ਤੁਸੀਂ ਬੱਚਿਆਂ ਨੂੰ ਬਾਪ ਗੁਪਤ ਤਰ੍ਹਾਂ ਪੁਰਸ਼ਾਰਥ ਕਰਾਉਂਦੇ ਰਹਿੰਦੇ ਹਨ। ਤੁਸੀਂ ਕਿੰਨਾ ਸੁੱਖ ਭੋਗਦੇ ਹੋ। ਦੂਜੇ ਧਰਮ ਵੀ ਪਿਛਾੜੀ ਵਿੱਚ ਜਦੋ ਵ੍ਰਿਧੀ ਨੂੰ ਪਾਉਂਦੇ ਹਨ ਉਦੋਂ ਲੜ੍ਹਾਈਆਂ ਆਦਿ ਖਿਟਪਿਟ ਹੁੰਦੀ ਹੈ। ਪੌਣਾ ਵਕ਼ਤ ਤਾਂ ਸੁੱਖ ਵਿੱਚ ਰਹਿੰਦੇ ਹੋ ਇਸਲਈ ਬਾਪ ਕਹਿੰਦੇ ਹਨ ਤੁਹਾਡਾ ਦੇਵੀ - ਦੇਵਤਾ ਧਰਮ ਬਹੁਤ ਸੁੱਖ ਦੇਣ ਵਾਲਾ ਹੈ। ਅਸੀਂ ਤੁਹਾਨੂੰ ਵਿਸ਼ਵ ਦਾ ਮਾਲਿਕ ਬਣਾਉਂਦੇ ਹਾਂ। ਹੋਰ ਧਰਮ ਸਥਾਪਕ ਕੋਈ ਰਾਜਾਈ ਨਹੀਂ ਸਥਾਪਨ ਕਰਦੇ ਹਨ। ਉਹ ਸਦਗਤੀ ਨਹੀਂ ਕਰਦੇ। ਆਉਂਦੇ ਹਨ ਸਿਰਫ਼ ਆਪਣਾ ਧਰਮ ਸਥਾਪਨ ਕਰਨ। ਉਹ ਵੀ ਜਦੋ ਅੰਤ ਵਿੱਚ ਤਮੋਪ੍ਰਧਾਨ ਬਣ ਜਾਂਦੇ ਹਨ ਤਾਂ ਫ਼ੇਰ ਬਾਪ ਨੂੰ ਆਉਣਾ ਪੈਂਦਾ ਹੈ ਸਤੋਪ੍ਰਧਾਨ ਬਣਾਉਣ।

ਤੁਹਾਡੇ ਕੋਲ ਸੈਂਕੜੇ ਮਨੁੱਖ ਆਉਂਦੇ ਹਨ ਪਰ ਕੁਝ ਵੀ ਸਮਝਦੇ ਨਹੀਂ। ਬਾਬਾ ਨੂੰ ਲਿੱਖਦੇ ਹਨ ਫਲਾਣਾ ਬਹੁਤ ਚੰਗਾ ਸਮਝ ਰਿਹਾ ਹੈ, ਬਹੁਤ ਚੰਗਾ ਹੈ। ਬਾਬਾ ਕਹਿੰਦੇ ਹਨ ਕੁਝ ਵੀ ਸਮਝ ਨਹੀਂ ਹੈ। ਜੇਕਰ ਸਮਝ ਜਾਣ ਬਾਬਾ ਆਇਆ ਹੋਇਆ ਹੈ, ਵਿਸ਼ਵ ਦਾ ਮਾਲਿਕ ਬਣਾ ਰਹੇ ਹਨ, ਬਸ ਉਸੀ ਵਕ਼ਤ ਮਸਤੀ ਚੜ੍ਹ ਜਾਵੇ। ਫੌਰਨ ਟਿਕਟ ਲੈਕੇ ਇਹ ਭੱਜੇ। ਪਰ ਬ੍ਰਾਹਮਣੀ ਦੀ ਚਿੱਠੀ ਤਾਂ ਜ਼ਰੂਰ ਲਿਆਉਣੀ ਪਵੇ - ਬਾਪ ਨੂੰ ਮਿਲਣ ਲਈ। ਬਾਪ ਨੂੰ ਪਛਾਣ ਜਾਣ ਤਾਂ ਮਿਲਣ ਬਗ਼ੈਰ ਰਹਿ ਨਾ ਸੱਕਣ, ਇੱਕਦਮ ਨਸ਼ਾ ਚੜ੍ਹ ਜਾਵੇ। ਜਿਨ੍ਹਾਂ ਨੂੰ ਨਸ਼ਾ ਚੜ੍ਹਿਆ ਹੋਇਆ ਹੋਵੇਗਾ ਉਨ੍ਹਾਂ ਦੇ ਅੰਦਰ ਵਿੱਚ ਬਹੁਤ ਖੁਸ਼ੀ ਰਹੇਗੀ। ਉਨ੍ਹਾਂ ਦੀ ਬੁੱਧੀ ਮਿੱਤਰ - ਸੰਬੰਧੀਆਂ ਵਿੱਚ ਭਟਕੇਗੀ ਨਹੀਂ। ਪਰ ਬਹੁਤਿਆਂ ਦੀ ਭਟਕਦੀ ਰਹਿੰਦੀ ਹੈ। ਗ੍ਰਿਹਸਤ ਵਿਵਹਾਰ ਵਿੱਚ ਰਹਿੰਦੇ ਕਮਲ ਫੁੱਲ ਸਮਾਨ ਪਵਿੱਤਰ ਬਣਨਾ ਹੈ ਅਤੇ ਬਾਪ ਦੀ ਯਾਦ ਵਿੱਚ ਰਹਿਣਾ ਹੈ। ਹੈ ਬਹੁਤ ਸਹਿਜ। ਜਿਨਾਂ ਹੋ ਸਕੇ ਬਾਪ ਨੂੰ ਯਾਦ ਕਰਦੇ ਰਹੋ। ਜਿਵੇਂ ਆਫ਼ਿਸ ਤੋਂ ਛੁੱਟੀ ਲੈਂਦੇ ਹਨ, ਉਵੇਂ ਧੰਧੇ ਤੋਂ ਛੁੱਟੀ ਪਾਕੇ ਇੱਕ - ਦੋ ਦਿਨ ਯਾਦ ਦੀ ਯਾਤਰਾ ਵਿੱਚ ਬੈਠ ਜਾਓ। ਘੜੀ - ਘੜੀ ਯਾਦ ਵਿੱਚ ਬੈਠਣ ਦੇ ਲਈ ਅੱਛਾ ਸਾਰਾ ਦਿਨ ਵਰਤ ਰੱਖ ਲੈਂਦਾ ਹਾਂ - ਬਾਪ ਨੂੰ ਯਾਦ ਕਰਨ ਦਾ। ਕਿੰਨਾ ਜਮਾ ਹੋ ਜਾਵੇਗਾ। ਵਿਕਰਮ ਵੀ ਵਿਨਾਸ਼ ਹੋਣਗੇ। ਬਾਪ ਦੀ ਯਾਦ ਨਾਲ ਹੀ ਸਤੋਪ੍ਰਧਾਨ ਬਣਨਾ ਹੈ। ਸਾਰਾ ਦਿਨ ਪੂਰਾ ਯੋਗ ਤਾਂ ਕਿਸੇ ਦਾ ਲੱਗ ਵੀ ਨਾ ਸਕੇ। ਮਾਇਆ ਵਿਘਨ ਜ਼ਰੂਰ ਪਾਉਂਦੀ ਹੈ ਫ਼ੇਰ ਵੀ ਪੁਰਸ਼ਾਰਥ ਕਰਦੇ - ਕਰਦੇ ਵਿਜੈ ਪਾ ਲੈਣਗੇ। ਬਸ, ਅੱਜ ਦਾ ਸਾਰਾ ਦਿਨ ਬਗ਼ੀਚੇ ਵਿੱਚ ਬੈਠ ਬਾਪ ਨੂੰ ਯਾਦ ਕਰਦਾ ਹਾਂ। ਖਾਣ ਤੇ ਵੀ ਬਸ ਯਾਦ ਵਿੱਚ ਬੈਠ ਜਾਂਦਾ ਹਾਂ। ਇਹ ਹੈ ਮਿਹਨਤ। ਸਾਨੂੰ ਪਾਵਨ ਜ਼ਰੂਰ ਬਣਨਾ ਹੈ। ਮਿਹਨਤ ਕਰਨੀ ਹੈ, ਹੋਰਾਂ ਨੂੰ ਵੀ ਰਸਤਾ ਦੱਸਣਾ ਹੈ। ਬੈਜ ਤਾਂ ਬਹੁਤ ਚੰਗੀ ਚੀਜ਼ ਹੈ। ਰਸਤੇ ਵਿੱਚ ਆਪਸ ਵਿੱਚ ਵੀ ਗੱਲ ਕਰਦੇ ਰਹਿਣਗੇ ਤਾਂ ਬਹੁਤ ਆਕੇ ਸੁਣਨਗੇ। ਬਾਪ ਕਹਿੰਦੇ ਹਨ ਮੈਨੂੰ ਯਾਦ ਕਰੋ, ਬਸ ਮੈਸੇਜ ਮਿਲ ਗਿਆ ਤਾਂ ਅਸੀਂ ਰੈਸਪਾਂਸਿਬਿਲਿਟੀ ਤੋਂ ਛੁੱਟ ਗਏ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਧੰਧੇ ਆਦਿ ਤੋਂ ਜਦੋ ਛੁੱਟੀ ਮਿਲੇ ਤਾਂ ਯਾਦ ਵਿੱਚ ਰਹਿਣ ਦਾ ਵਰਤ ਲੈਣਾ ਹੈ। ਮਾਇਆ ਤੇ ਵਿਜੈ ਪ੍ਰਾਪਤ ਕਰਨ ਦੇ ਲਈ ਯਾਦ ਦੀ ਮਿਹਨਤ ਕਰਨੀ ਹੈ।

2. ਬਹੁਤ ਨਮ੍ਰਤਾ ਅਤੇ ਪ੍ਰੇਮ ਭਾਵ ਨਾਲ ਮੁਸਕਰਾਉਂਦੇ ਹੋਏ ਮਿੱਤਰ - ਸੰਬੰਧੀਆਂ ਦੀ ਸੇਵਾ ਕਰਨੀ ਹੈ। ਉਨ੍ਹਾਂ ਵਿੱਚ ਬੁੱਧੀ ਨੂੰ ਭਟਕਾਉਣਾ ਨਹੀਂ ਹੈ। ਪਿਆਰ ਨਾਲ ਬਾਪ ਦਾ ਪਰਿਚੈ ਦੇਣਾ ਹੈ।

ਵਰਦਾਨ:- ਚਲਦੇ - ਫਿਰਦੇ ਫਰਿਸ਼ਤੇ ਸਵਰੂਪ ਦਾ ਸਾਖਸ਼ਾਤਕਾਰ ਕਰਵਾਉਣ ਵਾਲੇ ਸ਼ਾਖਸ਼ਾਤਕਾਰ ਮੂਰਤ ਭਵ।

ਜਿਵੇਂ ਸ਼ੁਰੂ ਵਿਚ ਚਲਦੇ - ਫਿਰਦੇ ਬ੍ਰਹਮਾ ਗੁੰਮ ਹੋਕੇ ਸ਼੍ਰੀਕ੍ਰਿਸ਼ਨ ਵਿਖਾਈ ਦਿੰਦੇ ਸਨ, ਇਸੇ ਸਾਖਸ਼ਾਤਕਾਰ ਨੇ ਸਭ ਕੁਝ ਛੁਡਵਾ ਦਿੱਤਾ। ਅਜਿਹੇ ਸਾਖਸ਼ਾਤਕਾਰ ਦ੍ਵਾਰਾ ਹੁਣ ਵੀ ਸੇਵਾ ਹੋਵੇ। ਜਦੋਂ ਸਾਖਸ਼ਾਤਕਾਰ ਨਾਲ ਪ੍ਰਾਪਤੀ ਹੋਵੇਗੀ ਤਾਂ ਬਣਨ ਤੋਂ ਬਿਗਰ ਰਹਿ ਨਹੀਂ ਸਕਣਗੇ। ਇਸਲਈ ਚਲਦੇ - ਫਿਰਦੇ ਫਰਿਸ਼ਤੇ ਸਵਰੂਪ ਦਾ ਸਾਖਸ਼ਾਤਕਾਰ ਕਰਵਾਓ। ਭਾਸ਼ਣ ਵਾਲੇ ਬਹੁਤ ਹਨ ਪਰ ਤੁਸੀ ਭਾਸਨਾ ਦੇਣ ਵਾਲੇ ਬਣੋ - ਤਾਂ ਸਮਝਣਗੇ ਇਹ ਅੱਲਾ ਲੋਕ ਹਨ।

ਸਲੋਗਨ:- ਸਦਾ ਰੂਹਾਨੀ ਮੌਜ਼ ਦਾ ਅਨੁਭਵ ਕਰਦੇ ਰਹੋ ਤਾਂ ਕਦੇ ਵੀ ਮੂੰਝਣਗੇ ਨਹੀਂ।

******

ਆਪਣੀ ਸ਼ਕਤੀਸ਼ਾਲੀ ਮਨਸਾ ਦ੍ਵਾਰਾ ਸਾਕਾਸ਼ ਦੇਣ ਦੀ ਸੇਵਾ ਕਰੋ।

ਹੁਣ ਆਪਣੇ ਦਿਲ ਦੀਆਂ ਸ਼ੁਭ ਭਾਵਨਾਵਾਂ ਨੂੰ ਦੂਜੀਆਂ ਆਤਮਾਵਾਂ ਤੱਕ ਭੇਜੋ। ਸਾਇਲੈਂਸ ਦੀ ਸ਼ਕਤੀ ਨੂੰ ਪ੍ਰਤੱਖ ਕਰੋ। ਹਰ ਇੱਕ ਬ੍ਰਾਹਮਣ ਬੱਚੇ ਵਿਚ ਸਾਇਲੈਂਸ ਦੀ ਸ਼ਕਤੀ ਹੈ। ਸਿਰਫ ਇਸ ਸ਼ਕਤੀ ਨੂੰ ਮਨ ਤੋਂ, ਤਨ ਤੋਂ ਇਮਰਜ਼ ਕਰੋ। ਇੱਕ ਸੈਕਿੰਡ ਵਿਚ ਮਨ ਦੇ ਸੰਕਲਪਾਂ ਨੂੰ ਇਕਾਗ੍ਰ ਕਰ ਲਵੋ ਤਾਂ ਵਾਯੂਮੰਡਲ ਵਿਚ ਸਾਇਲੈਂਸ ਦੀ ਸ਼ਕਤੀ ਦੇ ਪ੍ਰਕੰਮਪਨ ਸਦਾ ਫੈਲਦੇ ਰਹਿਣਗੇ।